# ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਪਹੁੰਚਣ ਦੀਆਂ ਲੋੜਾਂ

## ਸੰਖੇਪ ਜਾਣਕਾਰੀ

ਆਸਟ੍ਰੇਲੀਆ ਵਿੱਚ ਹਰੇਕ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੇ ਆਪਣੇ ਖੁਦ ਦੇ ਦਾਖਲੇ ਵਾਲੇ ਇੰਤਜ਼ਾਮ ਅਤੇ ਲੋੜਾਂ ਹਨ ਜਿੰਨ੍ਹਾਂ ਦੀ ਪਾਲਣਾ ਕਰਨ ਦੀ ਤੁਹਾਨੂੰ ਲੋੜ ਪਵੇਗੀ। **ਹਰੇਕ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਲੋੜਾਂ ਵੱਖ-ਵੱਖ ਹੁੰਦੀਆਂ ਹਨ ਅਤੇ ਥੋੜ੍ਹੇ ਸਮੇਂ ਦੇ ਨੋਟਿਸ 'ਤੇ ਇਹਨਾਂ ਵਿੱਚ ਤਬਦੀਲੀ ਹੋ ਸਕਦੀ ਹੈ।**

ਤੁਹਾਨੂੰ ਇਹ ਜਾਂਚ ਕਰਨੀ ਚਾਹੀਦੀ ਹੈ ਕਿ ਕੀ ਤੁਸੀਂ ਉਹਨਾਂ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਿੱਚ ਦਾਖਲ ਹੋ ਸਕਦੇ ਹੋ ਜਿੰਨ੍ਹਾਂ ਦੀ ਤੁਸੀਂ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹੋ। ਕੁਝ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਨੂੰ ਅੰਤਰਰਾਸ਼ਟਰੀ ਯਾਤਰੀਆਂ ਲਈ ਵਾਧੂ ਛੋਟਾਂ ਦੀ ਲੋੜ ਹੁੰਦੀ ਹੈ।

ਹੋ ਸਕਦਾ ਹੈ ਤੁਹਾਨੂੰ ਦਾਖਲ ਹੋਣ ਦੀ ਆਗਿਆ ਨਾ ਦਿੱਤੀ ਜਾਵੇ, ਜਾਂ ਹੋ ਸਕਦਾ ਹੈ ਤੁਹਾਨੂੰ ਕੁਆਰੰਟੀਨ ਵਿੱਚ ਦਾਖਲ ਹੋਣ ਦੀ ਲੋੜ ਪਵੇ। ਤੁਸੀਂ ਯਾਤਰਾ ਪਾਬੰਦੀਆਂ ਅਤੇ ਲੋੜਾਂ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਹੋ ਜੋ ਤੁਹਾਡੇ ਉੱਤੇ ਲਾਗੂ ਹੁੰਦੀਆਂ ਹਨ। ਜੇ ਤੁਸੀਂ ਪਾਲਣਾ ਨਹੀਂ ਕਰਦੇ ਹੋ, ਤਾਂ ਤੁਹਾਨੂੰ ਗੰਭੀਰ ਜੁਰਮਾਨਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਵਿੱਚ ਕੈਦ ਅਤੇ ਮਹੱਤਵਪੂਰਨ ਜੁਰਮਾਨੇ ਸ਼ਾਮਲ ਹਨ।

ਖਾਸ ਕਰਕੇ, ਤੁਹਾਨੂੰ ਹੇਠ ਲਿਖੇ ਨਾਲ ਸਬੰਧਿਤ ਕਿਸੇ ਵੀ ਪ੍ਰਾਂਤ ਜਾਂ ਕੇਂਦਰੀ ਪ੍ਰਦੇਸ਼ ਦੀਆਂ ਲੋੜਾਂ ਵੱਲ ਧਿਆਨ ਦੇਣਾ ਚਾਹੀਦਾ ਹੈ:

- ਸਰਹੱਦੀ ਦਾਖਲਾ (ਬਾਰਡਰ ਐਂਟਰੀ) ਰਜਿਸਟਰੇਸ਼ਨ ਫਾਰਮ
- ਕੁਆਰੰਟੀਨ
- ਤੁਹਾਡੇ ਪਹੁੰਚਣ ਦੇ ਬਾਅਦ ਟੈਸਟ ਕਰਨ ਦੀਆਂ ਲੋੜਾਂ
- ਘਰੇਲੂ ਟੀਕਾਕਰਨ ਦੀਆਂ ਲੋੜਾਂ।

ਹੋ ਸਕਦਾ ਹੈ ਤੁਹਾਨੂੰ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਾਸਤੇ ਇਕ ਤੋਂ ਵਧੇਰੇ ਦਾਖਲਾ ਜਾਂ ਪੰਜੀਕਰਨ ਫਾਰਮ ਭਰਨ ਦੀ ਲੋੜ ਪਵੇ।

## ਬੱਚੇ

12 ਸਾਲ ਤੋਂ ਘੱਟ ਉਮਰ ਦੇ ਬੱਚੇ ਉਸੇ ਪ੍ਰਬੰਧਾਂ ਅਧੀਨ ਯਾਤਰਾ ਕਰ ਸਕਦੇ ਹਨ ਜਿਵੇਂ ਕਿ ਟੀਕੇ ਲਗਾਏ ਗਏ ਯਾਤਰੀ, ਜਦੋਂ ਉਹ ਪੂਰੀ ਤਰ੍ਹਾਂ ਟੀਕੇ ਲਗਾਏ ਪਰਿਵਾਰ ਦੇ ਬਾਲਗ ਜੀਆਂ ਨਾਲ ਯਾਤਰਾ ਕਰਦੇ ਹਨ। 12 ਸਾਲ ਤੋਂ ਘੱਟ ਉਮਰ ਦੇ ਬੱਚੇ ਯਾਤਰਾ ਦੇ ਉਦੇਸ਼ਾਂ ਲਈ ਪੂਰੀ ਤਰ੍ਹਾਂ ਟੀਕੇ ਲਗਾਏ ਗਏ ਵਜੋਂ ਗਿਣੇ ਜਾਂਦੇ ਹਨ।

ਕੁਝ ਰਾਜ ਅਤੇ ਕੇਂਦਰੀ ਪ੍ਰਦੇਸ਼ 12-17 ਸਾਲ ਦੀ ਉਮਰ ਦੇ ਬਿਨਾਂ ਟੀਕੇ ਜਾਂ ਅੰਸ਼ਕ ਤੌਰ 'ਤੇ ਟੀਕੇ ਲਗਾਏ ਗਏ ਬੱਚਿਆਂ ਨੂੰ ਪੂਰੀ ਤਰ੍ਹਾਂ ਟੀਕੇ ਲਗਾਏ ਬਾਲਗ ਨਾਲ ਯਾਤਰਾ ਕਰਨ ਦੀ ਆਗਿਆ ਦਿੰਦੇ ਹਨ।

**ਜੇ ਕੋਈ ਬੱਚਾ ਬਿਨਾਂ ਟੀਕਾ ਲਗਵਾਏ ਬਾਲਗ ਪਰਿਵਾਰ ਦੇ ਜੀਆਂ ਦੇ ਨਾਲ ਯਾਤਰਾ ਕਰ ਰਿਹਾ ਹੈ, ਤਾਂ ਸਮੁੱਚਾ ਪਰਿਵਾਰਕ ਸਮੂਹ ਆਉਣ ਵਾਲੇ ਯਾਤਰੀਆਂ ਦੀ ਗਿਣਤੀ ਦੀਆਂ ਸੀਮਾਵਾਂ** ਦੇ ਅਧੀਨ ਹੋ ਸਕਦਾ ਹੈ ਅਤੇ ਉਸ ਨੂੰ ਲਾਜ਼ਮੀ ਤੌਰ 'ਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਪਹੁੰਚਣ ਦੀਆਂ ਲੋੜਾਂ ਦੀ ਪੂਰਤੀ ਕਰਨੀ ਚਾਹੀਦੀ ਹੈ। ਤੁਹਾਨੂੰ ਕੁਆਰੰਟੀਨ ਵਿੱਚ ਦਾਖਲ ਹੋਣ ਦੀ ਲੋੜ ਪੈ ਸਕਦੀ ਹੈ। ਤੁਹਾਨੂੰ ਇਸ ਦੀ, ਅਤੇ ਉਹਨਾਂ ਸਾਰੇ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਾਸਤੇ ਕਿਸੇ ਹੋਰ ਲੋੜਾਂ ਦੀ ਜਾਂਚ ਕਰਨੀ ਚਾਹੀਦੀ ਹੈ ਜਿਨ੍ਹਾਂ ਨੂੰ ਤੁਸੀਂ ਪਾਰ ਕਰੋਗੇ ਅਤੇ ਜਿਨ੍ਹਾਂ ਵੱਲ ਯਾਤਰਾ ਕਰੋਗੇ।

ਆਉਣ ਵਾਲੀਆਂ ਯਾਤਰੀਆਂ ਦੀ ਗਿਣਤੀ ਦੀਆਂ ਸੀਮਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਬੁਨਿਆਦੀ ਢਾਂਚਾ, ਆਵਾਜਾਈ, ਖੇਤਰੀ ਵਿਕਾਸ ਅਤੇ ਸੰਚਾਰ ਵਿਭਾਗ ਦੇ COVID-19 ਅਤੇ ਯਾਤਰੀਆਂ ਨੂੰ ਵੇਖੋ।

## ਸਰਹੱਦੀ ਦਾਖਲਾ (ਬਾਰਡਰ ਐਂਟਰੀ) ਰਜਿਸਟਰੇਸ਼ਨ ਫਾਰਮ

ਕੁਝ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਾਸਤੇ ਅੰਤਰਰਾਸ਼ਟਰੀ ਯਾਤਰੀਆਂ ਨੂੰ ਪਹੁੰਚਣ ਤੋਂ ਪਹਿਲਾਂ ਵਧੀਕ ਫਾਰਮਾਂ ਅਤੇ ਦਸਤਾਵੇਜ਼ਾਂ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਇਹ ਜਾਣਕਾਰੀ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਨੂੰ ਤੁਹਾਡੇ ਪਹੁੰਚਣ ਵਾਸਤੇ ਤਿਆਰੀ ਕਰਨ ਅਤੇ ਯੋਜਨਾ ਬਨਾਉਣ ਵਿੱਚ ਮਦਦ ਕਰਦੀ ਹੈ। ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਨੂੰ ਤੁਹਾਡੇ ਦਾਖਲੇ ਨੂੰ ਅਧਿਕਾਰਤ ਕਰਨ ਲਈ ਵੀ ਇਸ ਦੀ ਲੋੜ ਪੈ ਸਕਦੀ ਹੈ।

ਨੋਟ ਕਰੋ ਕਿ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੇ ਪੰਜੀਕਰਨ ਫਾਰਮ ਡਿਜ਼ਿਟਲ ਯਾਤਰੀ ਘੋਸ਼ਣਾ (DPD) **ਤੋਂ ਇਲਾਵਾ** ਹਨ। ਆਸਟ੍ਰੇਲੀਆ (ਘਰੇਲੂ ਯਾਤਰਾ) ਵਿੱਚ ਦਾਖਲ ਹੋਣ ਦੇ ਬਾਅਦ ਤੁਹਾਨੂੰ ਉਹਨਾਂ ਪ੍ਰਾਂਤਾਂ ਜਾਂ ਕੇਂਦਰੀ ਪ੍ਰਦੇਸ਼ਾਂ ਵਾਸਤੇ ਵਧੀਕ ਦਾਖਲਾ ਜਾਂ ਪੰਜੀਕਰਨ ਫਾਰਮ ਭਰਨ ਦੀ ਲੋੜ ਵੀ ਪੈ ਸਕਦੀ ਹੈ ਜਿੰਨ੍ਹਾਂ ਦੀ ਤੁਸੀਂ ਯਾਤਰਾ ਕਰਦੇ ਹੋ।

## ਕੁਆਰੰਟੀਨ

ਰਾਜ ਅਤੇ ਕੇਂਦਰੀ ਪ੍ਰਦੇਸ਼ ਕੁਆਰੰਟੀਨ ਦੀਆਂ ਲੋੜਾਂ ਦਾ ਨਿਰਣਾ ਕਰਨ ਅਤੇ ਪ੍ਰਬੰਧ ਕਰਨ ਲਈ ਜ਼ਿੰਮੇਵਾਰ ਹਨ। ਆਸਟ੍ਰੇਲੀਆ (ਘਰੇਲੂ ਯਾਤਰਾ) ਵਿੱਚ ਦਾਖਲ ਹੋਣ ਦੇ ਬਾਅਦ ਤੁਹਾਨੂੰ ਆਪਣੇ ਪਹੁੰਚਣ ਵਾਲੇ ਪ੍ਰਾਂਤ ਜਾਂ ਕੇਂਦਰੀ ਪ੍ਰਦੇਸ਼, ਅਤੇ ਉਹਨਾਂ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਿਚਲੀਆਂ ਲੋੜਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ ਜਿਨ੍ਹਾਂ ਤੱਕ ਤੁਸੀਂ ਯਾਤਰਾ ਕਰਦੇ ਹੋ।

ਆਪਣੀ ਉਡਾਣ ਬੁੱਕ ਕਰਨ ਤੋਂ ਪਹਿਲਾਂ, ਯਕੀਨੀ ਬਣਾਓ ਕਿ ਤੁਸੀਂ ਸਬੰਧਿਤ ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਾਰੀਆਂ ਕੁਆਰੰਟੀਨ ਲੋੜਾਂ ਦੀ ਜਾਂਚ ਕਰਦੇ ਹੋ।

ਵਿਦੇਸ਼ਾਂ ਤੋਂ ਆਸਟ੍ਰੇਲੀਆ ਆਉਣ ਵਾਲੇ ਪੂਰੀ ਤਰ੍ਹਾਂ ਟੀਕੇ ਲੱਗੇ ਯਾਤਰੀ, ਸੋਧੇ ਹੋਏ ਜਾਂ ਘੱਟ ਕੁਆਰੰਟੀਨ ਪ੍ਰਬੰਧਾਂ ਤੱਕ ਪਹੁੰਚ ਕਰਨ ਦੇ ਯੋਗ ਹੋ ਸਕਦੇ ਹਨ। ਥੋੜ੍ਹੇ ਸਮੇਂ ਦੇ ਨੋਟਿਸ 'ਤੇ ਕੁਆਰੰਟੀਨ ਦੀਆਂ ਲੋੜਾਂ ਵਿੱਚ ਤਬਦੀਲੀ ਹੋ ਸਕਦੀ ਹੈ।

ਜੇ ਬੱਚਾ ਬਿਨਾਂ ਟੀਕੇ ਵਾਲੇ ਪਰਿਵਾਰ ਦੇ ਬਾਲਗ ਜੀਆਂ ਨਾਲ ਯਾਤਰਾ ਕਰ ਰਿਹਾ ਹੈ, ਤਾਂ ਪੂਰਾ ਪਰਿਵਾਰਕ ਸਮੂਹ ਆਸਟ੍ਰੇਲੀਆ ਵਿੱਚ ਪਹੁੰਚਣ ਵਾਲੇ ਰਾਜ ਜਾਂ ਕੇਂਦਰੀ ਪ੍ਰਦੇਸ਼ ਲਈ ਕੁਆਰੰਟੀਨ ਅਤੇ ਯਾਤਰੀਆਂ ਦੀ ਗਿਣਤੀ ਦੀ ਸੀਮਾ ਦੇ ਅਧੀਨ ਹੋਵੇਗਾ।

ਨੋਟ ਕਰੋ ਕਿ ਕੁਝ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਿੱਚ, ਆਸਟ੍ਰੇਲੀਆ ਵਾਪਸ ਆਉਣ ਵਾਲੇ 12 ਤੋਂ 17 ਸਾਲ ਦੀ ਉਮਰ ਦੇ ਬਿਨਾਂ ਟੀਕੇ ਜਾਂ ਅੰਸ਼ਕ ਤੌਰ 'ਤੇ ਟੀਕੇ ਲਗਾਏ ਗਏ ਬੱਚੇ ਪਹੁੰਚਣ ਤੋਂ ਬਾਅਦ 7 ਦਿਨਾਂ ਤੱਕ ਸਕੂਲ ਨਹੀਂ ਜਾ ਸਕਣਗੇ। ਉਹ ਪਹੁੰਚਣ ਦੇ 14 ਦਿਨਾਂ ਬਾਅਦ ਤੱਕ ਹੋਰਨਾਂ ਸਥਾਨਾਂ ਦੀ ਯਾਤਰਾ ਕਰਨ ਦੇ ਯੋਗ ਵੀ ਨਹੀਂ ਹੋਣਗੇ, ਜਿਵੇਂ ਕਿ ਬਾਲ ਸੰਭਾਲ, ਬਜ਼ੁਰਗ-ਸੰਭਾਲ ਰਿਹਾਇਸ਼ੀ ਸੁਵਿਧਾਵਾਂ, ਅਪੰਗਤਾ ਸੰਭਾਲ ਸੁਵਿਧਾਵਾਂ ਜਾਂ ਹਸਪਤਾਲ। ਸੰਕਟਕਾਲੀਨ (ਐਮਰਜੈਂਸੀ) ਡਾਕਟਰੀ ਸੰਭਾਲ ਵਾਸਤੇ ਛੋਟਾਂ ਲਾਗੂ ਹੁੰਦੀਆਂ ਹਨ। ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਕੁਆਰੰਟੀਨ ਲੋੜਾਂ ਦੀ ਜਾਂਚ ਕਰੋ।

## ਪਹੁੰਚਣ ਤੋਂ ਬਾਅਦ COVID-19 ਟੈਸਟ ਦੀਆਂ ਲੋੜਾਂ

ਜ਼ਿਆਦਾਤਰ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਨੂੰ ਤੁਹਾਡੇ ਪਹੁੰਚਣ ਤੋਂ ਤੁਰੰਤ ਬਾਅਦ COVID-19 ਟੈਸਟ ਕਰਵਾਉਣ ਦੀ ਲੋੜ ਹੁੰਦੀ ਹੈ।

ਤੁਹਾਨੂੰ ਉਹਨਾਂ ਸਾਰੇ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਾਸਤੇ ਟੈਸਟ ਕਰਨ ਦੀਆਂ ਲੋੜਾਂ ਦੀ ਜਾਂਚ ਕਰਨੀ ਚਾਹੀਦੀ ਹੈ ਜਿੱਥੇ ਤੁਸੀਂ ਪਹੁੰਚੋਗੇ, ਜਿਨ੍ਹਾਂ ਨੂੰ ਤੁਸੀਂ ਪਾਰ ਕਰੋਗੇ ਅਤੇ ਜਿਨ੍ਹਾਂ ਵੱਲ ਯਾਤਰਾ ਕਰੋਗੇ।

**ਨੋਟ ਕਰੋ** ਕਿ ਪਹੁੰਚਣ ਤੋਂ ਬਾਅਦ ਤੁਹਾਡੀਆਂ ਟੈਸਟ ਕਰਨ ਦੀਆਂ ਲੋੜਾਂ ਤੁਹਾਡੇ ਲਈ ਆਸਟ੍ਰੇਲੀਆ ਵੱਲ ਰਵਾਨਾ ਹੋਣ ਤੋਂ ਪਹਿਲਾਂ ਨਕਾਰਾਤਮਕ (ਨੈਗੇਟਿਵ) COVID-19 ਟੈਸਟ ਪ੍ਰਦਾਨ ਕਰਨ ਦੀ ਲੋੜ **ਤੋਂ ਇਲਾਵਾ ਹਨ।**

## ਘਰੇਲੂ ਟੀਕਾਕਰਨ ਦੀਆਂ ਲੋੜਾਂ

ਕੁਝ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਦੇ ਕੁਝ ਸਥਾਨਾਂ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਲਈ (ਉਦਾਹਰਣ ਲਈ, ਰੈਸਟੋਰੈਂਟਾਂ, ਗੈਰ-ਜ਼ਰੂਰੀ ਪ੍ਰਚੂਨ ਸਟੋਰਾਂ, ਫਿਲਮੀ ਥੀਏਟਰਾਂ, ਮਨੋਰੰਜਨ ਪਾਰਕਾਂ ਵਿੱਚ ਦਾਖਲ ਹੋਣ ਲਈ ਜਾਂ ਵਿਆਹਾਂ ਅਤੇ ਅੰਤਿਮ ਸੰਸਕਾਰਾਂ ਵਿੱਚ ਸ਼ਾਮਲ ਹੋਣ ਲਈ) ਤੁਹਾਨੂੰ ਆਪਣੇ COVID-19 ਟੀਕਿਆਂ ਨਾਲ 'ਪੂਰੇ' ਹੋਣ ਦੀ ਲੋੜ ਪੈ ਸਕਦੀ ਹੈ।

ਭਾਂਵੇਂ ਤੁਸੀਂ ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ 'ਪੂਰੀ ਤਰ੍ਹਾਂ ਟੀਕਾਕਰਨ ਕੀਤੀਆਂ' ਲੋੜਾਂ ਦੀ ਪੂਰਤੀ ਵੀ ਕਰਦੇ ਹੋ, ਤਾਂ ਵੀ ਹੋ ਸਕਦਾ ਹੈ ਤੁਸੀਂ ਘਰੇਲੂ ਸਥਿਤੀਆਂ ਵਾਸਤੇ 'ਪੂਰੇ' ਨਾ ਹੋਵੋ।

ਆਸਟ੍ਰੇਲੀਆ ਪਹੁੰਚਣ ਵਾਲੇ ਅੰਤਰਰਾਸ਼ਟਰੀ ਯਾਤਰੀਆਂ ਨੂੰ ਆਸਟ੍ਰੇਲੀਆ ਦੇ ਬੂਸਟਰ ਟੀਕਾਕਰਨ ਪ੍ਰੋਗਰਾਮ ਤੱਕ ਪਹੁੰਚ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਤਾਂ ਜੋ ਉਹਨਾਂ ਦੇ ਟੀਕਾਕਰਨਾਂ ਨੂੰ ਪੂਰਾ ਬਣਾਇਆ ਰੱਖਿਆ ਜਾ ਸਕੇ। ਆਸਟ੍ਰੇਲੀਆ ਵਿੱਚ ਹਰ ਕੋਈ COVID-19 ਟੀਕਾ ਮੁਫਤ ਲਗਵਾ ਸਕਦਾ ਹੈ, ਜਿਸ ਵਿੱਚ ਆਸਟ੍ਰੇਲੀਆ ਦੇ ਵੀਜ਼ਾ ਧਾਰਕ ਵੀ ਸ਼ਾਮਲ ਹਨ।

## ਆਸਟ੍ਰੇਲੀਆ ਵਿੱਚ ਘਰੇਲੂ ਆਵਾਜਾਈ ਯਾਤਰਾ

ਤੁਹਾਨੂੰ ਉਹਨਾਂ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਾਸਤੇ ਕੁਆਰੰਟੀਨ ਲੋੜਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜਿੰਨ੍ਹਾਂ ਵਿੱਚੋਂ ਤੁਸੀਂ ਲੰਘਦੇ ਹੋ। ਜਦੋਂ ਕਿ ਤੁਸੀਂ ਆਪਣੀ ਅਗਲੀ ਉਡਾਣ ਦੀ ਉਡੀਕ ਕਰ ਰਹੇ ਹੋ, ਤੁਹਾਨੂੰ ਹੋਟਲ ਵਾਲੀ ਰਿਹਾਇਸ਼ ਵਿੱਚ ਰਹਿਣਾ ਪੈ ਸਕਦਾ ਹੈ ਅਤੇ ਤੁਹਾਨੂੰ ਰਹਿਣ ਵਾਸਤੇ ਭੁਗਤਾਨ ਕਰਨਾ ਪੈ ਸਕਦਾ ਹੈ।

## ਅਗਲੇਰੀ ਜਾਣਕਾਰੀ

ਕੁਆਰੰਟੀਨ, ਤੁਹਾਡੇ ਪਹੁੰਚਣ ਤੋਂ ਬਾਅਦ ਕੋਵਿਡ ਟੈਸਟ ਕਰਨਾ, ਅਤੇ ਘਰੇਲੂ ਟੀਕਾਕਰਨ ਦੇ ਮਿਆਰਾਂ ਸਮੇਤ ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਜ਼ਰੂਰਤਾਂ ਬਾਰੇ ਹੋਰ ਜਾਣਕਾਰੀ ਲਈ, ਸਬੰਧਿਤ ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਕੁਆਰੰਟੀਨ ਲੋੜਾਂ ਦੀ ਜਾਂਚ ਕਰੋ।